# ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਸ੍ਨਰਾਂ ਲਈ ਕੈਸ਼ਲੈਸ਼ ਇੰਸ਼ੋਰੈਂਸ ਸਕੀਮ

## ਆਮ ਤੋਰ ਤੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ

| ਲੜੀ ਨੰਬਰ | ਪ੍ਰਸ਼ਨ | ਜਵਾਬ |
|---|---|---|
| 1 | ਫਾਰਮ ਭਰ ਕੇ ਦੇਣ ਦੀ ਆਖਰੀ ਮਿਤੀ ਕੀ ਹੈ? | 15.12.2015 |
| 2 | ਮੈਂ ਅਤੇ ਮੇਰੀ ਪਤਨੀ ਜਾਂ ਪਤੀ ਦੋਂਵੇ ਹੀ ਪੰਜਾਬ ਸਰਕਾਰ ਦੇ ਮੁਲਾਜ਼ਮ ਜਾਂ ਪੰਜਾਬ ਸਰਕਾਰ ਦੇ ਪੈਸ਼ਨਰ ਹਾਂ। ਕਿ ਸਾਨੂੰ ਅਲੱਗ ਅਲੱਗ ਫਾਰਮ ਭਰਨਾ ਹੈ? | ਜੇਕਰ ਤੁਸੀ ਦੋਵੇਂ ਹੀ ਪੰਜਾਬ ਸਰਕਾਰ ਦੇ ਮੁਲਾਜ਼ਮ ਹੋ ਜਾਂ ਪੰਜਾਬ ਸਰਕਾਰ ਦੇ ਪੈਸ਼ਨਰ ਹੋ ਤਾਂ ਤੁਹਾਡੇ ਦੋਨਾਂ ਵਿਚੋਂ ਕੋਈ ਇੱਕ ਫਾਰਮ ਭਰ ਕੇ ਪਤੀ ਜਾਂ ਪਤਨੀ ਨੂੰ ਆਪਣਾ ਆਸ਼ਰਤ ਦਿੱਖਾ ਕੇ ਇਕੋ ਹੀ ਫਾਰਮ ਭਰ ਕੇ ਦੇ ਸਕਦਾ ਹੈ। ਪਰ ਯਾਦ ਰਹੇ ਕਿ ਆਪ ਜੀ ਨੇ ਫਾਰਮ ਵਿੱਚ ਇੱਕ ਕਾਲਮ ਬਣਿਆ ਹੈ ਜਿਸ ਵਿੱਚ ਲਿਖਿਆ ਹੈ ਕਿ ਤੁਹਾਡਾ ਸਪਾਊਸ ਸਰਕਾਰ ਦਾ ਮੁਲਾਜ਼ਮ ਜਾਂ ਪੈਸ਼ਨਰ ਹੈ, ਉਸਨੂੰ ਜੀ ਹਾਂ (ਸਹੀ) ਕਰਨਾ ਹੈ। |
| 3 | ਮੇਰੇ ਪਤੀ ਜਾਂ ਪਤਨੀ ਪੰਜਾਬ ਸਰਕਾਰ ਦੇ ਪੈਸ਼ਨਰ ਹਨ ਪਰ ਮੈਂ ਪੰਜਾਬ ਸਰਕਾਰ ਦਾ ਮੁਲਾਜ਼ਮ ਹਾਂ। ਕਿ ਅਸੀ ਅਲੱਗ ਅਲੱਗ ਫਾਰਮ ਭਰਨੇ ਹਨ? | ਉਪਰੋਕਤ ਅਨੁਸਾਰ ਇੱਕ ਹੀ ਫਾਰਮ ਭਰਨਾ ਹੈ। |
| 4 | ਫਾਰਮ ਭਰ ਕੇ ਮੈਂ ਕਿਥੇ ਦੇਣੇ ਹਨ? | ਆਪਣੇ ਫਾਰਮ ਭਰ ਕੇ ਆਪਣੇ ਡੀ.ਡੀ.ਓ ਨੂੰ ਦੇਣੇ ਹਨ। ਉਹ ਇਹ ਫਾਰਮ ਜਿਲ੍ਹਾ ਪੱਧਰ ਤੇ ਸੁਵਿਧਾ ਕੇਂਦਰ ਤੇ ਬੈਠੇ ਓਰੀਐਂਟਰ ਇੰਸ਼ੋਰੈਂਸ ਦੇ ਨੁਮਾਇੰਦੇ ਨੂੰ ਜਮ੍ਹਾਂ ਕਰਵਾ ਕੇ ਰਸੀਦ ਲਵੇਗਾ। ਇਸ਼ੋਰੈਂਸ ਕੰਪਨੀ ਦਾ ਨੁਮਾਇੰਦਾ 1.12.2015 ਤੋਂ 15.12.2015 ਤੱਕ ਸੁਵਿਧਾ ਕੇਂਦਰ ਵਿੱਚ ਬੈਠਾ ਰਹੇਗਾ ਅਤੇ ਜਦੋਂ ਵੀ ਕੋਈ ਡੀ.ਡੀ.ਓ ਫਾਰਮ ਜਮ੍ਹਾਂ ਕਰਵਾਉਣ ਆਵੇਗਾ, ਉਸ ਕੋਲੋ ਫਾਰਮ ਲੈ ਕੇ ਰਸੀਦ ਦੇ ਦੇਵੇਗਾ।<br>ਆਪ ਜੀ ਵਲੋਂ ਦਿੱਤੇ ਗਏ ਮੋਬਾਇਲ ਨੰਬਰ ਤੇ ਇੰਸ਼ੋਰੈਂਸ ਕੰਪਨੀ ਸੂਚਿਤ ਕਰੇਗੀ ਕਿ ਆਪ ਕਿਸ ਦਿਨ ਜਾ ਕੇ ਆਪਣਾ ਅਤੇ ਆਪਣੇ ਆਸ਼ਰਤਾਂ ਦਾ ਕਾਰਡ ਕਿਥੇ ਲੈ ਸਕਦੇ ਹੋ। |
| 5 | ਮੈਂ ਪੰਜਾਬ ਸਰਕਾਰ ਦਾ ਇੱਕ ਪੈਨਸ਼ਨਰ ਹਾਂ ਅਤੇ ਰਹਿੰਦਾ ਕਿਸੇ ਹੋਰ ਜਿਲ੍ਹੇ ਵਿੱਚ ਹਾਂ ਪਰ ਰਿਟਾਇਰ ਕਿਸੇ ਹੋਰ ਜਿਲ੍ਹੇ ਵਿੱਚ ਹੋਇਆ ਹਾਂ। ਕਿ ਫਾਰਮ ਜਿਸ ਜਿਲ੍ਹੇ ਵਿੱਚ ਮੈਂ ਰਹਿ ਰਿਹਾ ਹਾਂ , ਵਿੱਚ ਦੇ ਸਕਦਾ ਹਾਂ। | ਜੀ ਹਾਂ, ਤੁਸੀ ਆਪਣੇ ਫਾਰਮ ਜਿਥੇ ਆਪ ਜੀ ਰਹਿ ਰਹੇ ਹੋ, ਜਿਥੋਂ ਪੈਨਸ਼ਨ ਪੀ.ਪ.ਓ ਬਣਿਆ ਸੀ ਦੇ ਡੀ.ਡੀ.ਓ ਕੋਡ ਭਰ ਕੇ ਪੀ.ਪੀ.ਓ ਦੀ ਕਾਪੀ ਤੇ ਇੱਕ ਆਈਡੈਂਟੀ ਪਰੂਫ ਦੀ ਕਾਪੀ ਲਾ ਕੇ ਆਪਣੇ ਜਿਲ੍ਹੇ ਦੇ ਜਿਥੇ ਕਿ ਆਪ ਜੀ ਰਹਿ ਰਹੇ ਹੋ ਸੁਵਿਧਾ ਕੇਂਦਰ ਤੇ ਬੈਠੇ ਓਰੀਐਂਟਰ |

| | | |
|---|---|---|
| | | ਇੰਸ਼ੋਰੈਂਸ ਦੇ ਨੁਮਾਇੰਦੇ ਨੂੰ ਜਮ੍ਹਾਂ ਕਰਵਾ ਕੇ ਰਸੀਦ ਲੈ ਸਕਦੇ ਹੋ। ਇਸ਼ੋਰੈਂਸ ਕੰਪਨੀ ਦਾ ਨੁਮਾਇੰਦਾ 1.12.2015 ਤੋਂ 15.12.2015 ਤੱਕ ਸੁਵਿਧਾ ਕੇਂਦਰ ਵਿੱਚ ਬੈਠਾ ਰਹੇਗਾ ਅਤੇ ਜਦੋਂ ਵੀ ਤੁਸੀ ਫਾਰਮ ਜਮ੍ਹਾਂ ਕਰਵਾਉਗੇ, ਆਪ ਕੋਲੋ ਫਾਰਮ ਲੈ ਕੇ ਰਸੀਦ ਦੇ ਦੇਵੇਗਾ।<br>ਆਪ ਜੀ ਵਲੋਂ ਦਿੱਤੇ ਗਏ ਮੋਬਾਇਲ ਨੰਬਰ ਤੇ ਇੰਸ਼ੋਰੈਂਸ ਕੰਪਨੀ ਸੂਚਿਤ ਕਰੇਗੀ ਕਿ ਆਪ ਕਿਸ ਦਿਨ ਜਾ ਕੇ ਆਪਣਾ ਅਤੇ ਆਪਣੇ ਆਸ਼ਰਤਾਂ ਦਾ ਕਾਰਡ ਕਿਥੇ ਲੈ ਸਕਦੇ ਹੋ। |
| 6 | ਮੇਰੀ ਇੰਸ਼ੋਰੈਂਸ ਕਦੋਂ ਸੂਰੂ ਹੋਵੇਗੀ? | 15.12.2015 ਤੱਕ ਭਰੇ ਫਾਰਮ ਦੀ ਇੰਸ਼ੋਰੈਂਸ 1.1.2016 ਤੋਂ ਸੂਰੂ ਹੋ ਜਾਵੇਗੀ। |
| 7 | ਕਿ ਸਕੀਮ ਤਹਿਤ ਲਾਭ ਲੈਣ ਵਾਸਤੇ ਮੇਰੇ ਕੋਲ ਕਾਰਡ ਹੋਣਾ ਜਰੂਰੀ ਹੈ? | ਜੀ ਨਹੀ, ਕੰਪਨੀ ਵਲੋਂ ਇੱਕ ਮੋਬਾਇਲ ਐਪ(App) 31.12.2015 ਤੋਂ ਪਹਿਲਾਂ ਆਪ ਆਪਣੇ ਮੋਬਾਇਲ ਫੋਨ ਤੇ ਡਾਉਨ ਲੋਡ ਕਰ ਸਕਦੇ ਹੋ ਅਤੇ ਉਸਤੇ ਆਪਣਾ ਅਤੇ ਆਪਣੇ ਆਸ਼ਰਤਾਂ ਦਾ ਕਾਰਡ ਵੇਖ ਸਕਦੇ ਹੋ। ਉਸ ਤੇ ਆਪ ਜੀ ਸਕੀਮ ਬਾਰੇ ਜਾਣਕਾਰੀ ਵੀ ਲੈ ਸਕਦੇ ਹੋ, ਉਸਤੇ ਪ੍ਰਾਈਵੇਟ ਅਤੇ ਸਰਕਾਰੀ ਐਨਪੈਨਲਡ ਹਸਪਤਾਲਾਂ ਦੀ ਸੂਚੀ ਵੀ ਉਪਲੱਬਧ ਹੋਵੇਗੀ ਅਤੇ ਤੁਹਾਡੇ ਖਾਤੇ ਵਿੱਚ ਕਿੰਨੇ ਪੈਸੇ ਬਕਾਇਆ ਹਨ ਤੁਸੀ ਆਪਣੇ ਮੋਬਾਇਲ ਰਾਹੀਂ ਇਹ ਜਾਣਕਾਰੀ ਬੜੀ ਆਸਾਨੀ ਨਾਲ ਲੈ ਸਕਦੇ ਹੋ। ਆਪ ਜੀ ਦਾ ਮੋਬਾਇਲ ਨੰਬਰ ਯੂਜਰ ਨੇਮ ਹੋਵੇਗਾ ਅਤੇ ਆਪ ਜੀ ਦੀ ਜਨਮ ਮਿਤੀ ਪਾਸਵਰਡ ਹੋਵੇਗਾ, ਜਿਸਨੂੰ ਕਿ ਆਪ ਬਾਅਦ ਵਿੱਚ ਬਦਲ ਵੀ ਸਕਦੇ ਹੋ।<br>ਕਿਸੇ ਵੀ ਹਸਪਤਾਲ ਵਿੱਚ ਆਪਣਾ ਮੋਬਾਇਲ ਤੇ ਈ.ਕਾਰਡ ਦਿਖਾ ਕੇ ਜਾਂ ਆਪਣਾ ਕਾਰਡ ਦਿਖਾ ਕੇ ਲਾਭ ਲਿੱਤਾ ਜਾ ਸਕਦਾ ਹੈ। |
| 8 | ਮੈਂ ਇਸ ਵੇਲੇ ਪੰਜਾਬ ਸਰਕਾਰ ਦਾ ਪੈਸ਼ਨਰ ਹਾਂ ਪਰ ਮੇਰੇ ਕੋਲ ਪੀ.ਪੀ.ਓ ਨੰਬਰ ਨਹੀਂ ਹੈ ਪਰ ਮੈਂ ਪਰੋਵਿਜਨਲ ਪੈਨਸ਼ਨ ਲੈ ਰਿਹਾ ਹਾਂ ਅਤੇ ਮੈਂ ਫਾਰਮ ਵਿੱਚ ਪੀ.ਪੀ.ਓ ਦੀ ਥਾਂ ਤੇ ਕੀ ਭਰਾਂ? | ਆਪਣਾ ਜੀ.ਪੀ.ਐਫ ਨੰਬਰ ਭਰੋ। |
| 9 | ਕੋਣ ਮੇਰਾ ਆਸ਼ਰਤ ਹੋ ਸਕਦਾ ਹੈ, ਇਸਦੀ ਜਾਣਕਾਰੀ ਕਿਥੋਂ ਮਿਲੇਗੀ? | ਵੈਬ ਸਾਈਟ www.pbhealth.gov.in ਤੇ ਪਰਿਵਾਰ ਦੀ ਅਤੇ ਆਸ਼ਰਤਾਂ ਦੀ ਪਰਿਭਾਸ਼ਾ ਦਿੱਤੀ ਗਈ ਹੈ, ਉਸਨੂੰ ਵੇਖਿਆ ਜਾਵੇ। |

| | | |
|---|---|---|
| 10 | ਡੀ.ਡੀ.ਓ ਵਲੋਂ ਫਾਰਮ ਦੀਆਂ 2 ਜਾਂ 3 ਕਾਪੀਆਂ ਮੰਗੀਆਂ ਜਾ ਰਹੀਆਂ ਹਨ ਅਤੇ ਹੋਰ ਵੀ ਕਈ ਕਾਗਜਾਤ ਮੰਗੇ ਜਾ ਰਹੇ ਹਨ, ਕਿ ਦੇਣੇ ਹਨ? | ਆਪ ਜੀ ਵਲੋਂ ਇੱਕ ਹੀ ਫਾਰਮ ਦੇਣਾ ਹੈ ਅਤੇ ਇਸਦੇ ਨਾਲ ਕਿਸੇ ਵੀ ਤਰ੍ਹਾਂ ਦਾ ਹੋਰ ਕਾਗਜ਼ ਲਗਾਉਣ ਦੀ ਜਰੂਰਤ ਨਹੀਂ ਹੈ। ਫਾਰਮ ਵਿੱਚ ਆਪ ਜੀ ਦੇ ਤਸਦੀਕ ਕੀਤੀ ਸੂਚਨਾਂ ਨੂੰ ਸੱਚ ਮੰਨਿਆ ਜਾਵੇਗਾ ਅਤੇ ਕਿਸੇ ਵੀ ਸਮੇਂ ਇਹ ਗਲਤ ਪਾਉਣ ਤੇ ਆਪ ਜੀ ਦੀ ਹੀ ਜਿੰਮੇਵਾਰੀ ਹੋਵੇਗੀ ਅਤੇ ਗਲਤ ਸੁਚਨਾਂ ਦੇਣ ਤੇ ਆਪ ਪ੍ਰਸ਼ਸਾਨਿਕ ਕਾਰਵਾਈ ਦੇ ਹੱਕਦਾਰ ਹੋਵੋਗੇ। |
| 11 | ਕਿ ਫਾਰਮ ਵਿੱਚ ਆਧਾਰ ਕਾਰਡ ਨੰਬਰ ਦੇਣਾ ਜਰੂਰੀ ਹੈ? | ਜਰੂਰੀ ਨਹੀਂ ਹੈ, ਪਰ ਜੇਕਰ ਆਪ ਦੇ ਦਿੰਦੇ ਹੋ ਤਾਂ ਇਹ ਅੱਛਾ ਅਤੇ ਆਪ ਜੀ ਦੇ ਹਿੱਤ ਵਿੱਚ ਹੀ ਹੋਵੇਗਾ। |
| 12 | ਕਿ 15.12.2015 ਤੋਂ ਬਾਅਦ ਮੇਰੇ ਫਾਰਮ ਨਹੀਂ ਲਿੱਤੇ ਜਾਣਗੇ? | ਜੀ ਹਾਂ, ਪਰ ਜੇਕਰ ਕਿਸੀ ਵੀ ਨਾ ਟਾਲਣਯੋਗ ਕਾਰਨਾਂ ਕਰਕੇ ਆਪ ਫਾਰਮ ਨਹੀਂ ਦੇ ਸਕੇ ਤਾਂ ਇਹ ਫਾਰਮ ਬਾਅਦ ਵਿੱਚ ਵੀ ਲਿੱਤੇ ਜਾ ਸਕਦੇ ਹਨ ਪਰ ਆਪ ਜੀ ਨੂੰ ਇਸਦੇ ਕਾਰਨਾਂ ਬਾਰੇ ਦਸਤਾਵੇਜਾਂ ਦੀ ਕਾਪੀ ਨਾਲ ਲਗਾਉਣੀ ਪਵੇਗੀ ਅਤੇ ਆਪ ਜੀ ਦਾ ਸਕੀਮ ਤਹਿਤ ਲਾਭ ਫਾਰਮ ਦੇਣ ਬਾਅਦ ਅਤੇ ਪ੍ਰਵਾਨ ਹੋਣ ਉਪਰੰਤ ਹੀ ਸ਼ੁਰੂ ਹੋਵੇਗਾ। |
| 13 | ਜੇਕਰ ਮੇਰਾ ਬਿੱਲ 3.00 ਲੱਖ ਰੁਪਏ ਤੋਂ ਉਪਰ ਹੁੰਦਾ ਹੈ ਤਾਂ ਕਿ ਮੇਰਾ ਇਲਾਜ ਨਹੀਂ ਹੋ ਸਕੇਗਾ । | ਇਸਦੀ ਜਾਣਕਾਰੀ ਵੈਬ ਸਾਈਟ www.pbhealth.gov.in ਦੀ ਨੋਟੀਫਿਕੇਸ਼ਨ ਦੇ ਪੈਰਾ ਨੰਬਰ 7 ਵਿੱਚ ਦਿੱਤੀ ਹੋਈ ਹੈ। |
| 14 | ਮੈ ਕਿਨ੍ਹਾਂ ਬਿਮਰੀਆਂ ਦਾ ਇਲਾਜ ਕਰਵਾ ਸਕਦਾ ਹਾਂ ਜਾਂ ਨਹੀਂ ਕਰਵਾ ਸਕਦਾ ਹਾਂ? | ਇਸਦੀ ਜਾਣਕਾਰੀ ਵੈਬ ਸਾਈਟ www.pbhealth.gov.in ਦੀ ਨੋਟੀਫਿਕੇਸ਼ਨ ਦੇ ਪੈਰਾ ਨੰਬਰ 5 ਵਿੱਚ ਦਿੱਤੀ ਹੋਈ ਹੈ। |
| 15 | ਕਿ ਮੈਂ ਫਾਰਮ ਆਨ ਲਾਈਨ ਭਰ ਸਕਦਾ ਹਾਂ? | ਜੀ ਹਾਂ , ਆਪ ਆਪਣਾ ਫਾਰਮ ਆਨ ਲਾਈਨ ਵੀ ਭਰ ਸਕਦੇ ਹੋ ਅਤੇ ਉਸਦਾ ਪ੍ਰਿੰਟ ਲੈ ਕੇ ਉਪਰੋਕਤ ਦਰਸਾਈ ਲੜੀ ਨੰਬਰ 4 ਅਨੁਸਾਰ ਜਮ੍ਹਾ ਕਰਵਾਓ। |
| 16 | ਮੇਨੂੰ ਆਨਲਾਈਨ ਫਾਰਮ ਭਰਨ ਦਾ ਕੀ ਫਾਇਦਾ ਹੈ? | ਆਪ ਨੂੰ ਤੁਰੰਤ ਹੀ ਇੰਸ਼ੋਰੈਂਸ ਕੰਪਨੀ ਦਾ ਆਈ.ਡੀ ਮਿਲੇਗਾ ਅਤੇ ਆਪਦੇ ਫਾਰਮ ਦੀ ਇੰਸ਼ੋਰੈਂਸ ਕੰਪਨੀ ਨੂੰ ਮਿਲਣ ਦੀ ਪੁਸ਼ਟੀ ਹੋ ਜਾਵੇਗੀ। |
| 17 | ਇੰਮਪੈਨਲਡ ਹਸਪਤਾਲਾਂ ਦੀ ਲਿਸਟ ਕਿਥੇ ਮਿਲੇਗੀ? | ਇੰਮਪੈਨਲਡ ਹਸਪਤਾਲਾਂ ਦੀ ਲਿਸਟ ਪੰਜਾਬ ਸਰਕਾਰ ਦੀ www.pbhealth.gov.in ਤੇ |